


# ਧਨ (ਕਰੰਸੀ)

**ਉਦੇਸ਼ :** 1. ਬੱਚਿਆਂ ਨੂੰ ਰੁਪਇਆਂ ਅਤੇ ਪੈਸਿਆਂ ਨਾਲ ਜਾਣੂੰ ਕਰਵਾ ਕੇ, ਖੇਡਣ ਵਾਲੇ ਕਰੰਸੀ ਨੋਟਾਂ ਨਾਲ ਰੁਪਇਆ ਨੂੰ ਪੈਸਿਆਂ ਵਿੱਚ ਬਦਲਣ ਦੀ ਸਮਝ ਪੈਦਾ ਕਰਨਾ।

2. ਰੁਪਇਆਂ ਦੀ ਸਹਾਇਤਾ ਨਾਲ ਵਸਤੂਆਂ ਦਾ ਲੈਣ-ਦੇਣ ਦੀ ਸਮਝ ਬਣਾਉਣਾ।

3. ਕਿਰਿਆਵਾਂ ਦੀ ਵਰਤੋਂ ਨਾਲ ਜੋੜ-ਘਟਾਓ ਦੇ ਸਵਾਲਾਂ ਨੂੰ ਸਰਲ ਕਰਨਾ।

4. ਇਕਾਈ ਮੁੱਲ ਅਤੇ ਬਹੁਪੱਖੀ ਮੁੱਲ ਦਾ ਗਿਆਨ ਦੇਣਾ।

## ਦੁਹਰਾਈ

**1. ਖਾਲੀ ਥਾਵਾਂ ਭਰੋ —**

(i) 1 ਰੁਪਏ ਵਿੱਚ ______________ ਪੈਸੇ ਹੁੰਦੇ ਹਨ।

(ii) 1 ਰੁਪਏ ਦੇ ਬਦਲੇ 50 ਪੈਸੇ ਦੇ ______________ ਸਿੱਕੇ ਮਿਲਣਗੇ।

(iii) ਰੁਪਏ ਨੂੰ ਲਿਖਣ ਲਈ ______________ ਚਿੰਨ੍ਹ ਦੀ ਵਰਤੋਂ ਕੀਤੀ ਜਾਂਦੀ ਹੈ।

(iv) 10 ਰੁਪਏ ਦੇ ਨੋਟ ਬਦਲੇ 5 ਰੁਪਏ ਦੇ ______________ ਸਿੱਕੇ ਮਿਲਣਗੇ।

(v) 20 ਰੁਪਏ ਦੇ ਇੱਕ ਨੋਟ ਦਾ ਮੁੱਲ, 5 ਰੁਪਏ ਦੇ ______________ ਨੋਟਾਂ ਦੇ ਮੁੱਲ ਦੇ ਬਰਾਬਰ ਹੁੰਦਾ ਹੈ।

(vi) 50 ਰੁਪਏ ਦੇ ਇੱਕ ਨੋਟ ਦਾ ਮੁੱਲ, 10 ਰੁਪਏ ਦੇ ______________ ਨੋਟਾਂ ਦੇ ਮੁੱਲ ਦੇ ਬਰਾਬਰ ਹੁੰਦਾ ਹੈ।

## 4.1 ਨੋਟਾਂ ਅਤੇ ਸਿੱਕਿਆਂ ਨਾਲ ਜਾਣ-ਪਹਿਚਾਣ










ਪ੍ਰਚਲਿਤ ਨੋਟ ਅਤੇ ਸਿੱਕੇ

## 4.2 ਰੁਪਇਆਂ ਨੂੰ ਪੈਸੇ ਵਿੱਚ ਬਦਲਣਾ

100 ਪੈਸੇ = 1 ਰੁਪਇਆ




10 ਪੈਸੇ, 20 ਪੈਸੇ ਅਤੇ 25 ਪੈਸੇ ਦੇ ਸਿੱਕੇ ਭਾਰਤ ਸਰਕਾਰ ਵੱਲੋਂ ਬੰਦ ਕਰ ਦਿਤੇ ਗਏ ਹਨ ਅਤੇ ਹੁਣ ਇਹ ਪ੍ਰਚਲਣ ਵਿੱਚ ਨਹੀਂ ਹਨ।

### ਗਤੀਵਿਧੀ

ਕਾਗਜ ਅਤੇ ਗੱਤੇ ਦੇ ਨੋਟਾਂ ਅਤੇ ਸਿੱਕਿਆਂ ਨਾਲ ਰੁਪਇਆ ਨੂੰ ਪੈਸਿਆਂ ਵਿੱਚ ਬਦਲਣਾ




ਸਾਰੇ ਬੱਚੇ ਸਿੱਕੇ ਅਤੇ ਨੋਟ ਬਣਾਉਂਦੇ ਹਨ। ਨੋਟ ਅਤੇ ਸਿੱਕੇ ਬਣਾਉਣ ਤੋਂ ਬਾਅਦ ਅਧਿਆਪਕ ਕਿਰਿਆ ਨੂੰ ਅੱਗੇ ਵਧਾਏਗਾ।






**ਅਧਿਆਪਕ** - ਹੁਣ ਤੁਸੀਂ ਖੇਡ-ਖੇਡ ਵਿੱਚ ਨੋਟਾਂ ਬਦਲੇ ਸਿੱਕੇ ਬਦਲਣਾ ਸਿੱਖੋ।


ਖੇਡ ਖੇਡਣ ਲਈ ਇੱਕ ਬੱਚਾ ਖਜ਼ਾਨਚੀ ਬਣੇ ਅਤੇ ਮੇਜ਼ ਤੇ 50 ਪੈਸੇ ਦੇ ਸਿੱਕਿਆਂ ਦੀ ਢੇਰੀ ਲਾਵੇ। ਬਾਕੀ ਬੱਚਿਆਂ ਕੋਲ ਨੋਟ ਹਨ। ਉਹ ਨੋਟਾਂ ਬਦਲੇ ਸਿੱਕੇ ਲੈਣ ਲਈ ਖਜ਼ਾਨਚੀ ਕੋਲ ਜਾਣ।






# ਅਭਿਆਸ 4.1

1. ਨੋਟਾਂ/ਸਿੱਕਿਆਂ ਬਦਲੇ 50 ਪੈਸੇ ਦੇ ਸਿੱਕੇ ਬਣਾਓ ।

 =


 =

 =

 =

 =

2 . 50 ਪੈਸੇ ਦੇ ਸਿੱਕਿਆ ਨੂੰ ਰੁਪਇਆਂ ਵਿੱਚ ਬਦਲਦੇ ਹੋਏ ਨੋਟ/ਸਿੱਕੇ ਬਣਾਓ।

 = 

 =

 =

## 4.3 ਧਨ/ਕਰੰਸੀ ਦੀ ਰਾਸ਼ੀ ਦਾ ਜੋੜ ਅਤੇ ਘਟਾਓ :

ਆਮ ਜੀਵਨ ਦੀਆਂ ਕਿਰਿਆਵਾਂ ਵਿੱਚ ਅਸੀਂ ਆਮ ਤੌਰ ਤੇ ਧਨ ਦੀ ਵਰਤੋਂ ਕਰਦੇ ਹਾਂ। ਰੋਜ਼ਾਨਾਂ ਜਿੰਦਗੀ ਵਿੱਚ ਜ਼ਰੂਰੀ ਵਸਤੂਆਂ ਦੀ ਖਰੀਦ ਲਈ ਧਨ ਦੀ ਜ਼ਰੂਰਤ ਹੁੰਦੀ ਹੈ। ਇਸ ਲਈ ਧਨ ਦੀ ਰਾਸ਼ੀ ਦਾ ਜੋੜ ਘਟਾਓ ਆਮ ਗੱਲ ਹੈ। ਇਸ ਲਈ ਬੱਚਿਆਂ ਨੂੰ ਇਸਦਾ ਗਿਆਨ ਹੋਣਾ ਜ਼ਰੂਰੀ ਹੈ।

### ਗਤੀਵਿਧੀ

ਅੱਜ ਜਮਾਤ ਵਿੱਚ ਰਾਜਬੀਰ ਆਪਣੇ ਦੋਸਤਾਂ ਨੂੰ ਨਵਾਂ ਲਿਆਂਦਾ ਪੈੱਨ, ਕਾਪੀ ਅਤੇ ਪੈੱਨਸਿਲ ਦਿਖਾ ਰਿਹਾ ਸੀ। ਉਹ ਬਹੁਤ ਖੁਸ਼ ਨਜ਼ਰ ਆ ਰਿਹਾ ਸੀ। ਅਧਿਆਪਕ ਇਸਨੂੰ ਨੋਟ ਕਰਦਾ ਹੈ ਅਤੇ ਹੇਠ ਲਿਖੀ ਗੱਲਬਾਤ ਕਰਦਾ ਹੈ।

**ਅਧਿਆਪਕ** - ਰਾਜਬੀਰ ਤੁਸੀਂ ਆਪਣੇ ਦੋਸਤਾਂ ਨੂੰ ਕੀ ਦਿਖਾ ਰਹੇ ਹੋ ?

**ਰਾਜਬੀਰ** - ਸਰ, ਮੈਂ ਅੱਜ ਸਕੂਲ ਆਉਣ ਤੋਂ ਪਹਿਲਾਂ ਦੁਕਾਨ ਤੋਂ ਪੈੱਨ, ਪੈਨਸਿਲ ਅਤੇ ਇੱਕ ਕਾਪੀ ਲੈ ਕੇ ਆਇਆ ਹਾਂ। ਉਹ ਆਪਣੇ ਦੋਸਤਾਂ ਨੂੰ ਦਿਖਾ ਰਿਹਾ ਹਾਂ।

**ਅਧਿਆਪਕ** - ਅੱਛਾ, ਤੁਸੀਂ ਪੈੱਨ, ਪੈੱਨਸਿਲ ਅਤੇ ਕਾਪੀ ਦਾ ਮੁੱਲ ਦੱਸੋ।

**ਰਾਜਬੀਰ** - ਸਰ ਪੈੱਨ ₹ 20 ਦਾ, ਪੈਨਸਿਲ ₹ 4 ਅਤੇ ਕਾਪੀ ₹ 35 ਦੀ ਹੈ।

**ਅਧਿਆਪਕ** - ਤੁਸੀਂ ਕੁੱਲ ਕਿੰਨੇ ਰੁਪਏ ਖਰਚ ਕੀਤੇ ?

**ਰਾਜਬੀਰ** - ₹ 20 + ₹ 4 + ₹ 35 = ₹ 59, ਸਰ ₹ 59 ।

**ਅਧਿਆਪਕ** - ਤੁਸੀਂ ਆਪਣੇ ਘਰ ਤੋਂ ਕਿੰਨੇ ਰੁਪਏ ਲੈ ਕੇ ਆਏ ਸੀ ?

**ਰਾਜਬੀਰ** - ਸਰ ਮੈਂ ਆਪਣੇ ਘਰ ਤੋਂ ₹ 100 ਲੈ ਕੇ ਆਇਆ ਸੀ।

**ਅਧਿਆਪਕ** - ਦੁਕਾਨਦਾਰ ਨੇ ਤੁਹਾਨੂੰ ਕਿੰਨੇ ਰੁਪਏ ਵਾਪਸ ਕੀਤੇ ?

**ਰਾਜਬੀਰ** - ਸਰ ਦੁਕਾਨਦਾਰ ਨੇ ਮੈਨੂੰ ₹ 41 ਵਾਪਸ ਕੀਤੇ।

ਦੁਕਾਨਦਾਰ ਨੇ ₹ 100 ਵਿੱਚੋਂ ₹ 59 ਘਟਾ ਕੇ ₹ 41 ਵਾਪਸ ਕੀਤੇ ਹਨ।

ਅੱਜ ਅਸੀਂ ਵੀ ਧਨ ਦੀ ਰਾਸ਼ੀ ਨੂੰ ਜੋੜਨਾ ਅਤੇ ਘਟਾਉਣਾ ਸਿੱਖਣ ਲਈ ਕੁੱਝ ਸਵਾਲ ਹੱਲ ਕਰਦੇ ਹਾਂ।

**ਉਦਾਹਰਨ 1** :-ਹੇਠ ਲਿਖੇ ਨੋਟਾਂ ਤੋਂ ਧਨ ਦੀ ਮਾਤਰਾ ਜੋੜੋ।

(a) 

(b) 

| | |
|---|---|
| ₹ 10 | ₹ 20 |
| ₹ 10 | ₹ 10 |
| ₹ 5 | ₹ 5 |
| ₹ 2 | ₹ 35 |
| ₹ 27 | |

## 4.3.1 ਕਾਲਮ ਵਿਧੀ ਰਾਹੀਂ ਜੋੜ ਅਤੇ ਘਟਾਓ :

ਜਿਸ ਤਰ੍ਹਾਂ ਅਸੀਂ ਸੰਖਿਆਵਾਂ ਦਾ ਜੋੜ ਅਤੇ ਘਟਾਓ ਕਾਲਮ ਵਿਧੀ ਰਾਹੀਂ ਕਰਦੇ ਹਾਂ ਉਸੇ ਤਰ੍ਹਾਂ ਹੀ ਅਸੀਂ ਧਨ ਦਾ ਜੋੜ ਘਟਾਓ ਕਰ ਸਕਦੇ ਹਾਂ। ਇਸਨੂੰ ਅਸੀਂ ਹੇਠ ਲਿਖੇ ਉਦਾਹਰਨਾਂ ਰਾਹੀਂ ਸਮਝ ਸਕਦੇ ਹਾਂ।

**ਉਦਾਹਰਨ 2 :-** ₹ 224 ਅਤੇ ₹ 115 ਦਾ ਜੋੜ ਪਤਾ ਕਰੋ ।

**ਹੱਲ :**

| | ₹ | | | |
|---|---|---|---|---|
| | ₹ | 2 | 2 | 4 |
| + | ₹ | 1 | 1 | 5 |
| | ₹ | 3 | 3 | 9 |

**ਉਦਾਹਰਨ 3 :-** ₹ 318 ਅਤੇ ₹ 216 ਦਾ ਜੋੜਫਲ ਪਤਾ ਕਰੋ ।

**ਹੱਲ :**

| | | | | |
|---|---|---|---|---|
| | | | (1) | |
| | ₹ | 3 | 1 | 8 |
| + | ₹ | 2 | 1 | 6 |
| | ₹ | 5 | 3 | 4 |

**ਉਦਾਹਰਨ 4 :-** ₹ 247 ਅਤੇ ₹ 135 ਦਾ ਅੰਤਰ ਪਤਾ ਕਰੋ।

**ਹੱਲ :**

| | | | | |
|---|---|---|---|---|
| | ₹ | 2 | 4 | 7 |
| − | ₹ | 1 | 3 | 5 |
| | ₹ | 1 | 1 | 2 |

**ਉਦਾਹਰਨ 5 :-** ₹ 360 ਅਤੇ ₹ 190 ਦਾ ਅੰਤਰ ਪਤਾ ਕਰੋ।

**ਹੱਲ :**

| | | | | |
|---|---|---|---|---|
| | ₹ | 3 | 6 | 0 |
| − | ₹ | 1 | 9 | 0 |
| | ₹ | 1 | 7 | 0 |

## ਅਭਿਆਸ 4.2

1. ਹੇਠ ਦਿਖਾਏ ਕਰੰਸੀ ਨੋਟਾਂ ਦੀ ਰਾਸ਼ੀ ਦਾ ਜੋੜਫਲ ਪਤਾ ਕਰੋ :

(a) 

(b) 

(c) 

(d) 

(e) 

2. ਹੇਠ ਲਿਖੀਆਂ ਧਨ ਰਾਸ਼ੀਆਂ ਦਾ ਜੋੜਫਲ ਪਤਾ ਕਰੋ :

(a) ₹ 200, ₹ 50, ₹ 20

(b) ₹ 350, ₹ 165, ₹ 75

(c) ₹ 470, ₹ 105, ₹ 55

(d) ₹ 250, ₹ 90, ₹ 110

(e) ₹ 200, ₹ 160, ₹ 50

3. ਹੇਠ ਲਿਖੀਆਂ ਧਨ ਰਾਸ਼ੀਆਂ ਦਾ ਅੰਤਰ ਪਤਾ ਕਰੋ :

(a) ₹ 200 ਅਤੇ ₹ 150 ਵਿੱਚ

(b) ₹ 450 ਅਤੇ ₹ 200 ਵਿੱਚ

(c) ₹ 500 ਅਤੇ ₹ 270 ਵਿੱਚ

(d) ₹ 120 ਅਤੇ ₹ 75 ਵਿੱਚ

(e) ₹ 300 ਅਤੇ ₹ 125 ਵਿੱਚ

4. ਹੇਠ ਦਿੱਤੀਆਂ ਵਸਤੂਆਂ ਨੂੰ ਖਰੀਦਣ ਲਈ ਜਿਹੜੇ ਨੋਟਾਂ ਦੀ ਲੋੜ ਹੈ ਉਸ ਉਪਰ ਠੀਕ (✓) ਲਗਾਓ ।

















5. ਹੇਠਾਂ ਦਿੱਤੀਆਂ ਵਸਤੂਆਂ ਨੂੰ ਖਰੀਦਣ ਲਈ ਘੱਟ-ਘੱਟ ਧਨ ਨੋਟਾਂ ਵਿੱਚ ਬਣਾਓ।















## 4.4 ਧਨ ਦਾ ਜੋੜ (ਸ਼ਾਬਦਿਕ ਸਮੱਸਿਆਵਾਂ)

ਰੋਜ਼ਾਨਾ ਜਿੰਦਗੀ ਦੀਆਂ ਗਤੀਵਿਧੀਆਂ ਵਿੱਚ ਅਸੀਂ ਆਮ ਤੌਰ ਤੇ ਧਨ ਦੀ ਵਰਤੋਂ ਕਰਦੇ ਹਾਂ ਅਤੇ ਵੱਖ-ਵੱਖ ਵਸਤੂਆਂ ਲਈ ਧਨ ਰਾਸ਼ੀ ਦਿੰਦੇ ਹਾਂ। ਹੇਠ ਲਿਖੀਆਂ ਕੁੱਝ ਸ਼ਾਬਦਿਕ ਸਮੱਸਿਆਵਾਂ ਰਾਹੀਂ ਅਸੀ ਵੱਖ-ਵੱਖ ਰਾਸ਼ੀਆਂ ਨੂੰ ਜੋੜਨਾ ਸਿਖਾਂਗੇ।

**ਉਦਾਹਰਨ 1 :** ਅਵਨੀਤ ਦੇ ਫਤਿਹਗੜ੍ਹ ਸਾਹਿਬ ਦੇ ਮੇਲੇ ਵਿਚੋਂ ਖਿਡੌਣਾ ਟਰੈਕਟਰ 238 ਰੁਪਏ 90 ਪੈਸੇ ਦਾ ਅਤੇ ਖਿਡੌਣਾ ਟਰਾਲੀ 145 ਰੁਪਏ 20 ਪੈਸੇ ਦਾ ਖਰੀਦਿਆ। ਉਸਨੇ ਦੁਕਾਨਦਾਰ ਨੂੰ ਕਿੰਨੇ ਰੁਪਏ ਦਿੱਤੇ ?

| | ਰੁਪਏ | | | ਪੈਸੇ | |
|---|---|---|---|---|---|
| ਖਿਡੌਣਾ ਟਰੈਕਟਰ ਦਾ ਮੁੱਲ = | 2 | 3 | 8 | 9 | 0 |
| ਖਿਡੌਣਾ ਟਰਾਲੀ ਦਾ ਮੁੱਲ = | 1 | 4 | 5 | 2 | 0 |
| ਅਵਨੀਤ ਨੇ ਦੁਕਾਨਦਾਰ ਨੂੰ ਦਿੱਤੇ ਰੁਪਏ = | 3 | 8 | 4 | 1 | 0 |

ਅਵਨੀਤ ਨੇ ਦੁਕਾਨਦਾਰ ਨੂੰ 384 ਰੁਪਏ 10 ਪੈਸੇ ਦਿੱਤੇ।

**ਉਦਾਹਰਨ 2 :** ਸੁਖਦੇਵ ਨੂੰ ਕਿਤਾਬ ਪੜ੍ਹਣ ਦਾ ਸ਼ੌਂਕ ਹੈ। ਉਸਨੇ ਕਿਤਾਬਾਂ ਦੀ ਦੁਕਾਨ ਤੋਂ 325 ਰੁਪਏ 75 ਪੈਸੇ ਦੀਆਂ ਕਿਤਾਬਾਂ ਖਰੀਦੀਆਂ ਅਤੇ ਦੁਕਾਨਦਾਰ ਨੂੰ ₹ 500 ਦਾ ਨੋਟ ਦਿੱਤਾ। ਦੁਕਾਨਦਾਰ ਨੇ ਸੁਖਦੇਵ ਨੂੰ ਕਿੰਨੇ ਰੁਪਏ ਵਾਪਿਸ ਕੀਤੇ ?


| | ਰੁਪਏ | | | ਪੈਸੇ | |
|---|---|---|---|---|---|
| ਦੁਕਾਨਦਾਰ ਨੂੰ ਦਿੱਤੀ ਰਕਮ = | 5 | 0 | 0 | 0 | 0 |
| ਕਿਤਾਬਾਂ ਦਾ ਮੁੱਲ = | 3 | 2 | 5 | 7 | 5 |
| ਵਾਪਿਸ ਕੀਤੀ ਰਕਮ = | 1 | 7 | 4 | 2 | 5 |

ਦੁਕਾਨਦਾਰ ਨੇ ਸੁਖਦੇਵ ਨੂੰ 174 ਰੁਪਏ 25 ਪੈਸੇ ਵਾਪਿਸ ਕੀਤੇ।

## ਅਭਿਆਸ 4.3


1. ਮਨਵੀਤ ਨੇ ਮੇਲੇ ਵਿਚੋਂ ਹੇਠ ਦਿਖਾਈਆਂ ਵਸਤੂਆਂ ਖਰੀਦੀਆਂ। ਉਹ ਦੁਕਾਨਦਾਰ ਨੂੰ ਕੁੱਲ ਕਿੰਨੇ ਰੁਪਏ ਦੇਵੇਗੀ ?

(a)




| | | | |
|---|---|---|---|
| ₹ | 1 | 5 | 6 |
| ₹ | | 3 | 5 |
| ₹ | 1 | 9 | 1 |

(b)



(c)



₹ 116



₹ 280

(d)



₹ 272



₹ 129

**2. ਸੁਪਰੀਤ ਨੇ ਦੁਕਾਨ ਤੋਂ ਹੇਠਾਂ ਦਿੱਤੀਆਂ ਵਸਤੂਆਂ ਖਰੀਦੀਆਂ ਅਤੇ ਦਿਖਾਏ ਅਨੁਸਾਰ ਨੋਟ ਦਿੱਤੇ। ਦੁਕਾਨਦਾਰ ਸੁਪਰੀਤ ਨੂੰ ਕਿੰਨੇ ਰੁਪਏ ਵਾਪਿਸ ਕਰੇਗਾ ?**

**ਵਾਪਸ ਕੀਤੇ ਰੁਪਏ**

(a)




₹ 32

**ਦਿੱਤੇ ਨੋਟ**



= ....................

(b)



₹ 116

**ਦਿੱਤੇ ਨੋਟ**



= ....................

3. ਅਵਨੀਤ ਨੇ ₹ 72 ਦੀ ਇੱਕ ਚਾਕਲੇਟ ਖਰੀਦੀ ਅਤੇ ₹ 35 ਦਾ ਜੂਸ ਖਰੀਦਿਆ। ਉਹ ਦੁਕਾਨਦਾਰ ਨੂੰ ਕਿੰਨੇ ਰੁਪਏ ਦੇਵੇਗਾ।

4. ਸੁਪਰੀਤ ਨੇ ₹ 365 ਦਾ ਸਕੂਲ ਦਾ ਬਸਤਾ ਖਰੀਦਿਆ। ਉਸਨੇ ਦੁਕਾਨਦਾਰ ਨੂੰ ₹ 500 ਦਿੱਤੇ। ਦੁਕਾਨਦਾਰ ਉਸਨੂੰ ਕਿੰਨੇ ਰੁਪਏ ਵਾਪਸ ਕਰੇਗਾ ?

5. ਸੁਖਦੇਵ ਨੇ 247 ਰੁਪਏ 75 ਪੈਸੇ ਦੀਆਂ ਕਿਤਾਬਾਂ, 180 ਰੁਪਏ 60 ਪੈਸੇ ਦੀਆਂ ਕਾਪੀਆਂ ਅਤੇ 35 ਰੁਪਏ 20 ਪੈਸੇ ਦੇ ਪੈੱਨ ਖਰੀਦੇ। ਉਸਨੇ ਕਿੰਨੇ ਰੁਪਏ ਖਰਚੇ।

6. ਤਨੀਸ਼ਾ ਨੇ ਆਪਣੇ ਭਰਾ ਲਈ ਬੈਟਰੀ ਵਾਲੀ ਕਾਰ ਖਰੀਦੀ। ਜਿਸਦਾ ਮੁੱਲ ₹ 945 ਹੈ। ਪਰ ਉਸ ਕੋਲ ਜਮਾਂ ਰਾਸ਼ੀ ₹ 820 ਹੈ। ਉਸਨੂੰ ਬੈਟਰੀ ਕਾਰ ਖਰੀਦਣ ਲਈ ਹੋਰ ਕਿੰਨੇ ਰੁਪਏ ਦੀ ਲੋੜ ਹੈ ?





## 4.5 ਗੁਣਾ
















ਜਦੋਂ ਸਾਨੂੰ ਇੱਕ ਵਸਤੂ ਦਾ ਮੁੱਲ ਪਤਾ ਹੋਵੇ ਤਾਂ ਵੱਧ ਵਸਤੂਆਂ ਦਾ ਮੁੱਲ ਪਤਾ ਕਰਨ ਲਈ ਅਸੀਂ ਗੁਣਾ ਕਰਦੇ ਹਾਂ।

ਜੇ ਇੱਕ ਕਿਤਾਬ ਦਾ ਮੁੱਲ ₹ 120 ਹੈ ਤਾਂ ਇਸ ਤਰ੍ਹਾਂ ਦੀਆਂ 6 ਕਿਤਾਬਾਂ ਦਾ ਮੁੱਲ ਕੀ ਹੋਵੇਗਾ ?

1 ਕਿਤਾਬ ਦਾ ਮੁੱਲ = ₹ 120

6 ਕਿਤਾਬਾਂ ਦਾ ਮੁੱਲ = ₹ (120 × 6)

= ₹ 1 2 0

× 0 6

₹ 7 2 0

**ਉਦਾਹਰਨ 1 :-** ₹ 20 ਦੇ 7 ਨੋਟਾਂ ਦੀ ਕੁੱਲ ਰਾਸ਼ੀ ਪਤਾ ਕਰੋ।

**ਹੱਲ :**

$$\begin{array}{r} ₹\ 2\ 0 \\ \times \quad\ 7 \\ \hline ₹\ 1\ 4\ 0 \\ \hline \end{array}$$

**ਉਦਾਹਰਨ 2 :-** ₹ 50 ਦੇ 9 ਨੋਟਾਂ ਦੀ ਕੁੱਲ ਰਾਸ਼ੀ ਪਤਾ ਕਰੋ।

**ਹੱਲ :**

$$\begin{array}{r} ₹\ 5\ 0 \\ \times \quad\ 9 \\ \hline ₹\ 4\ 5\ 0 \\ \hline \end{array}$$

**ਉਦਾਹਰਨ 3 :-** ਜੇਕਰ ਇੱਕ ਕਿਤਾਬ ਦਾ ਮੁੱਲ ₹ 50 ਹੋਵੇ ਤਾਂ ਇਸ ਤਰ੍ਹਾਂ ਦੀਆਂ 8 ਕਿਤਾਬਾਂ ਦਾ ਮੁੱਲ ਪਤਾ ਕਰੋ।

**ਹੱਲ :** ਇੱਕ ਕਿਤਾਬ ਦਾ ਮੁੱਲ = ₹ 5 0

ਕਿਤਾਬਾਂ ਦੀ ਗਿਣਤੀ = 8

ਕਿਤਾਬਾਂ ਦਾ ਕੁੱਲ ਮੁੱਲ = ₹ 50 × 8

= ₹ 400

$$\begin{array}{r} ₹\ 5\ 0 \\ \times \quad\ 8 \\ \hline ₹\ 4\ 0\ 0 \\ \hline \end{array}$$

**ਉਦਾਹਰਨ 4 :-** ਜੇਕਰ ਇੱਕ ਚੱਪਲਾਂ ਦੇ ਜੋੜੇ ਦੀ ਕੀਮਤ ₹ 125 ਹੋਵੇ ਤਾਂ ਅਜਿਹੇ 12 ਜੋੜਿਆਂ ਦੀ ਕੀਮਤ ਕਿੰਨੀ ਹੋਵੇਗੀ।

**ਹੱਲ :** ਇੱਕ ਚੱਪਲਾਂ ਦੇ ਜੋੜੇ ਦੀ ਕੀਮਤ = ₹ 1 2 5

ਚੱਪਲਾਂ ਦੇ ਜੋੜਿਆਂ ਦੀ ਗਿਣਤੀ = 12

ਕੁੱਲ ਕੀਮਤ = ₹ 125 × 12

= ₹ 1500

$$\begin{array}{r} ₹\ 1\ 2\ 5 \\ \times \quad\ 1\ 2 \\ \hline 2\ 5\ 0 \\ 1\ 2\ 5\ 0 \\ \hline 1\ 5\ 0\ 0 \\ \hline \end{array}$$

## ਅਭਿਆਸ 4.4

1. ਗੁਣਾ ਕਰੋ—

(a) ₹ 25 × 6 (b) ₹ 30 × 7 (c) ₹ 49 × 8

(d) ₹ 175 × 8 (e) ₹ 400 × 5 (f) ₹ 312 × 3

(g) ₹ 27 × 15 (h) ₹ 48 × 76 (i) ₹ 82 × 67

2. ਇੱਕ ਗੁੱਡੀ ਦਾ ਮੁੱਲ ₹ 70 ਹੈ ਇਸ ਤਰ੍ਹਾਂ ਦੀਆਂ 5 ਗੁੱਡੀਆਂ ਦਾ ਮੁੱਲ ਦੱਸੋ ?

3. ਮਨਵੀਤ ਨੇ ਇੱਕ ਜੈਕੇਟ ₹ 460 ਦੀ ਖਰੀਦੀ। ਇਸ ਤਰ੍ਹਾਂ ਦੀਆਂ 9 ਜੈਕਟਾਂ ਦਾ ਮੁੱਲ ਕੀ ਹੋਵੇਗਾ ?

4. ਸੁਖਦੇਵ ਨੇ 35 ਗੁਬਾਰੇ ₹ 15 ਪ੍ਰਤੀ ਗੁਬਾਰੇ ਦੇ ਹਿਸਾਬ ਨਾਲ ਖਰੀਦੇ। ਸੁਖਦੇਵ ਨੇ ਕਿੰਨੀ ਰਕਮ ਖਰਚ ਕੀਤੀ ?

5. ਇੱਕ ਕੇਲੇ ਦਾ ਮੁੱਲ ₹ 8 ਹੈ। ਇੱਕ ਦਰਜ਼ਨ ਕੇਲਿਆਂ ਦਾ ਮੁੱਲ ਕੀ ਹੋਵੇਗਾ ?

ਤੁਸੀਂ ਮੁੱਲ ਸਾਰਣੀ ਅਤੇ ਲੇਖਾ-ਪਰਚੀ ਬਨਾਉਣਾ ਤੀਸਰੀ ਜਮਾਤ ਵਿੱਚ ਪੜ੍ਹ ਚੁੱਕੇ ਹੋ। ਆਓ, ਇਸ ਸੰਬੰਧੀ ਹੋਰ ਕਿਰਿਆਵਾਂ ਕਰੀਏ।

## 4.6 ਵਸਤੂਆਂ ਦਾ ਇਕਾਈ ਮੁੱਲ ਪਤਾ ਕਰਨਾ ਜਾਂ ਧਨ ਰਾਸ਼ੀਆਂ ਨੂੰ ਵੰਡਣਾ

ਜਿਸ ਤਰ੍ਹਾਂ ਅਸੀਂ ਇੱਕ ਵਸਤੂ ਦੇ ਮੁੱਲ ਤੋਂ ਵੱਧ ਵਸਤੂਆਂ ਦਾ ਮੁੱਲ ਪਤਾ ਕਰ ਸਕਦੇ ਹਾਂ। ਉਸੇ ਤਰ੍ਹਾਂ ਵੱਧ ਵਸਤੂਆਂ ਦੇ ਮੁੱਲ ਤੋਂ ਇੱਕ ਵਸਤੂ ਦਾ ਮੁੱਲ ਪਤਾ ਕਰਨਾ, ਇਕਾਈ ਮੁੱਲ ਪਤਾ ਕਰਨਾ ਅਖਵਾਉਂਦਾ ਹੈ। ਵੱਖ-ਵੱਖ ਧਨ ਰਾਸ਼ੀਆਂ ਨੂੰ ਵੱਖ-ਵੱਖ ਵਿਅਕਤੀਆਂ ਵਿੱਚਕਾਰ ਵੰਡਣਾ ਵੀ ਆਮ ਜੀਵਨ ਦੀ ਲੋੜ ਹੈ। ਸੋ ਅਸੀਂ ਇੱਥੇ ਇਕਾਈ ਮੁੱਲ ਪਤਾ ਕਰਨਾ ਜਾਂ ਧਨ ਰਾਸ਼ੀਆਂ ਨੂੰ ਵੰਡਣਾ ਸਿੱਖਦੇ ਹਾਂ।

**ਉਦਾਹਰਨ 1 :-** 8 ਕਾਪੀਆਂ ਦੀ ਕੀਮਤ ₹ 120 ਹੈ। ਇੱਕ ਕਾਪੀ ਦੀ ਕੀਮਤ ਪਤਾ ਕਰੋ।

**ਹੱਲ :** 8 ਕਾਪੀਆਂ ਦੀ ਕੀਮਤ = ₹ 1 2 0

ਇੱਕ ਕਾਪੀ ਦੀ ਕੀਮਤ = ₹ 120 ÷ 8

= ₹ 15

$$\begin{array}{r} 8\,)\,120\,(15 \\ -8\downarrow \\ \hline 40 \\ -40 \\ \hline 0 \end{array}$$

**ਉਦਾਹਰਨ 2 :-** ਸੇਠ ਧਨੀਰਾਮ ₹ 780 ਨੂੰ ਆਪਣੇ ਤਿੰਨ ਪੁੱਤਰਾਂ ਵਿੱਚ ਵੰਡਣਾ ਚਾਹੁੰਦਾ ਹੈ। ਦੱਸੋ ਉਸਦੇ ਹਰੇਕ ਪੁੱਤਰ ਨੂੰ ਕਿੰਨੀ ਰਾਸ਼ੀ ਮਿਲੇਗੀ।

**ਹੱਲ :** 3 ਪੁੱਤਰਾਂ ਵਿੱਚ ਵੰਡੀ ਜਾਣ ਵਾਲੀ ਕੁੱਲ ਰਾਸ਼ੀ = ₹ 780

1 ਪੁੱਤਰ ਨੂੰ ਮਿਲਣ ਵਾਲੀ ਰਾਸ਼ੀ = ₹ 780 ÷ 3

= ₹ 260

$$\begin{array}{r} 3\,)\,780\,(260 \\ -6\downarrow \\ \hline 18 \\ -18 \\ \hline 0 \end{array}$$

**ਉਦਾਹਰਨ 3 :-** 15 ਕਮੀਜ਼ਾਂ ਦੀ ਕੀਮਤ ₹ 5250 ਹੈ। ਇੱਕ ਕਮੀਜ਼ ਦੀ ਕੀਮਤ ਪਤਾ ਕਰੋ।

**ਹੱਲ :** 15 ਕਮੀਜ਼ਾਂ ਦੀ ਕੀਮਤ = ₹ 5250

1 ਕਮੀਜ਼ ਦੀ ਕੀਮਤ = ₹ 5250 ÷ 15

= ₹ 350

$$\begin{array}{r} 15\,)\,5250\,(350 \\ -45 \\ \hline 75 \\ -75 \\ \hline 0 \end{array}$$

## ਅਭਿਆਸ 4.5

1. **ਹੇਠ ਲਿਖੀਆਂ ਧਨ ਰਾਸ਼ੀਆਂ ਨੂੰ ਭਾਗ ਕਰੋ :**

   (a) ₹ 160 ÷ 4 (b) ₹ 475 ÷ 5 (c) ₹ 564 ÷ 12


   (c) ₹ 1248 ÷ 6 (d) ₹ 2665 ÷ 13

2. 18 ਖਿਡੌਣਾਂ ਕਾਰਾਂ ਦੀ ਕੀਮਤ ₹ 450 ਹੈ। ਇੱਕ ਖਿਡੌਣਾ ਕਾਰ ਦੀ ਕੀਮਤ ਪਤਾ ਕਰੋ।
3. 13 ਕਿਤਾਬਾਂ ਦੀ ਕੀਮਤ ₹ 936 ਹੈ। ਇੱਕ ਕਿਤਾਬ ਦੀ ਕੀਮਤ ਪਤਾ ਕਰੋ।
4. ਇੱਕ ਦਰਜਨ ਸੰਤਰਿਆਂ ਦੀ ਕੀਮਤ ₹ 84 ਹੈ। ਇੱਕ ਸੰਤਰੇ ਦੀ ਕੀਮਤ ਪਤਾ ਕਰੋ।
5. ₹ 2848 ਦੀ ਰਾਸ਼ੀ ਨੂੰ 16 ਵਿਦਿਆਰਥੀਆਂ ਵਿੱਚ ਵੰਡਿਆ ਜਾਣਾ ਹੈ। ਹਰੇਕ ਵਿਦਿਆਰਥੀ ਨੂੰ ਕਿੰਨੀ ਰਾਸ਼ੀ ਮਿਲੇਗੀ ?
6. ਇੱਕ ਸਕੂਲ ਦੀ ਚੌਥੀ ਜਮਾਤ ਦੇ 19 ਵਿਦਿਆਰਥੀਆਂ ਦੀਆਂ ਵਰਦੀਆਂ ਲਈ ₹ 9120 ਦੀ ਰਾਸ਼ੀ ਪ੍ਰਾਪਤ ਹੋਈ। ਦੱਸੋਂ ਇੱਕ ਵਰਦੀ ਲਈ ਕਿੰਨੀ ਰਾਸ਼ੀ ਪ੍ਰਾਪਤ ਹੋਈ ?



### 4.6 ਬਿੱਲ ਬਨਾਉਣਾ

1.

| | |
|---|---|
|  ਖੰਡ ₹ 16 |  ਨਮਕ ₹ 5 |
|  ਆਟਾ ₹ 25 |  ਚਾਹ ਪੱਤੀ ₹ 30 |

| ਵਸਤੂ | ਰਾਸ਼ੀ |
|---|---|
| ਖੰਡ | ₹ 16 |
| ਨਮਕ | ₹ 5 |
| ਆਟਾ | ₹ 25 |
| ਚਾਹ ਪੱਤੀ | ₹ 30 |
| ਕੁੱਲ | ₹ 76 |

2.


ਪੈੱਨ ₹ 12


ਪੈਨਸਿਲ ₹ 6


ਰਬੜ ₹ 2


ਕਿਤਾਬ ₹ 30

| ਵਸਤੂ | ਰਾਸ਼ੀ |
|---|---|
| ਇੱਕ ਪੈੱਨ | ₹ 12 |
| ਇੱਕ ਪੈਨਸਿਲ | ₹ 6 |
| ਇੱਕ ਰਬੜ | ₹ 2 |
| ਇੱਕ ਕਿਤਾਬ | ₹ 30 |
| ਕੁੱਲ | ₹ 50 |

3.


ਰਿਬਨ ₹ 16


₹ 22
ਨਹੁੰ ਪਾਲਿਸ਼


ਕੰਘੀ ₹ 9

| ਵਸਤੂ | ਰਾਸ਼ੀ |
|---|---|
| ਰਿਬਨ | ₹ 16 |
| ਨਹੁੰ ਪਾਲਿਸ਼ | ₹ 22 |
| ਕੰਘੀ | ₹ 9 |
| ਕੁੱਲ | ₹ 47 |

## ਅਭਿਆਸ 4.6

1. ਰੇਟ ਲਿਸਟ ਵਿੱਚ ਦਿੱਤੀਆਂ ਵਸਤੂਆਂ ਦਾ ਮੁੱਲ ਪੜ੍ਹੋ ਅਤੇ ਵੱਖਰੀਆਂ-ਵੱਖਰੀਆਂ ਖਰੀਦਾਰੀਆਂ ਲਈ ਬਿੱਲ ਬਣਾਓ :—




| ਵਸਤੂ | ਮਾਤਰਾ | ਮੁੱਲ |
|---|---|---|
| ਚਾਵਲ | 1 ਕਿ.ਗ੍ਰਾ. | ₹ 40 |
| ਖੰਡ | 1 ਕਿ.ਗ੍ਰਾ. | ₹ 42 |
| ਮੂੰਗੀ ਦੀ ਦਾਲ | 1 ਕਿ.ਗ੍ਰਾ. | ₹ 75 |
| ਮਸਰ ਦੀ ਦਾਲ | 1 ਕਿ.ਗ੍ਰਾ. | ₹ 80 |
| ਸਰੋਂ ਦਾ ਤੇਲ | 1 ਲਿਟਰ | ₹ 90 |
| ਕੱਪੜੇ ਧੋਣ ਵਾਲਾ ਸਾਬਣ | 1 ਕਿ.ਗ੍ਰਾ. | ₹ 60 |
| ਮੱਖਣ | 1 ਕਿ.ਗ੍ਰਾ. | ₹ 420 |
| ਆਟਾ | 1 ਕਿ.ਗ੍ਰਾ. | ₹ 23 |
| ਨਮਕ | 1 ਕਿ.ਗ੍ਰਾ. | ₹ 17 |

(a) 2 ਕਿ.ਗ੍ਰਾ. ਚਾਵਲ, 1 ਕਿ.ਗ੍ਰਾ. ਖੰਡ ਅਤੇ 500 ਗ੍ਰਾ. ਮੱਖਣ

(b) 1 ਲਿਟਰ ਸਰੋਂ ਦਾ ਤੇਲ, 4 ਕਿ.ਗ੍ਰਾ. ਨਮਕ ਅਤੇ 20 ਕਿ.ਗ੍ਰਾ. ਆਟਾ

(c) 5 ਕਿ.ਗ੍ਰਾ. ਚਾਵਲ, 10 ਕਿ.ਗ੍ਰਾ ਆਟਾ, 1 ਕਿ.ਗ੍ਰਾ. ਨਮਕ, 500 ਗ੍ਰਾ. ਕੱਪੜੇ ਧੋਣ ਵਾਲਾ ਸਾਬਣ

(d) 2 ਕਿ.ਗ੍ਰਾ. ਮਸਰ ਦੀ ਦਾਲ, 2 ਕਿ.ਗ੍ਰਾ. ਚਾਵਲ ਅਤੇ 20 ਕਿ.ਗ੍ਰਾ. ਖੰਡ

(e) 500 ਗ੍ਰਾ. ਚਾਵਲ, 2 ਕਿ.ਗ੍ਰਾ. ਆਟਾ, 500 ਗ੍ਰਾ ਮੱਖਣ ਅਤੇ 1 ਕਿ.ਗ੍ਰਾ. ਮੂੰਗੀ ਦੀ ਦਾਲ

2. ਗਵਿਸ਼ ਨੇ ਉੱਪਰ ਦਿੱਤੀਆਂ (ਰੇਟ ਲਿਸਟ) ਵਸਤੂਆਂ ਵਿੱਚੋਂ ਹਰੇਕ ਵਸਤੂ 1 ਕਿ.ਗ੍ਰਾ. ਖਰੀਦੀ। ਉਸ ਨੇ 2000 ਰੁਪਏ ਦਾ ਨੋਟ ਦਿੱਤਾ। ਉਸ ਨੂੰ ਕਿੰਨਾ ਧਨ ਵਾਪਸ ਮਿਲੇਗਾ ?

## ਬਹੁ-ਵਿਕਲਪਿਕ ਪ੍ਰਸ਼ਨ (MCQ)

**1.** ₹ 10 ਦੇ ਨੋਟ ਦਾ ਮੁੱਲ 50 ਪੈਸੇ ਦੇ ਸਿੱਕੇ ਕਿੰਨੇ ਸਿੱਕਿਆਂ ਦੇ ਬਰਾਬਰ ਹੋਵੇਗਾ ?

(a) 4 (b) 6

(c) 20 (d) 13

**2.** 50 ਪੈਸੇ ਦੇ 28 ਸਿੱਕਿਆਂ ਨਾਲ ਕਿੰਨੇ ਰੁਪਏ ਬਣਨਗੇ ?

(a) ₹ 50 (b) ₹ 10

(c) ₹ 28 (d) ₹ 14

**3.** ਸ਼ਿਖਾ ਨੇ ਇਕ ਦੁਕਾਨ ਤੋਂ ₹ 65 ਦਾ ਸਮਾਨ ਖਰੀਦਿਆ। ਉਸਨੇ ਦੁਕਾਨਦਾਰ ਨੂੰ ₹ 100 ਦਾ ਨੋਟ ਦਿੱਤਾ। ਦੱਸੋ ਉਸਨੂੰ ਕਿੰਨੇ ਰੁਪਏ ਵਾਪਸ ਮਿਲੇ ?

(a) ₹ 25 (b) ₹ 35

(c) ₹ 45 (d) ₹ 50

**4.** ਸੁਧੀਰ ਨੇ ₹ 40 ਦਾ ਇੱਕ ਚਾਕਲੇਟ ਅਤੇ ₹ 35 ਦਾ ਇੱਕ ਪੇਸਟਰੀ ਖਰੀਦੀ। ਦੱਸੋ ਉਸਨੇ ਕਿੰਨੇ ਰੁਪਏ ਖਰਚ ਕੀਤੇ ?

(a) ₹ 55 (b) ₹ 5

(c) ₹ 75 (d) ₹ 80

**5.** ਅਰੁਨ ਨੇ ਦੁਕਾਨ ਤੋਂ ₹ 5 ਦੀ ਇੱਕ ਪੈਨਸਿਲ, ₹ 2 ਦੀ ਇੱਕ ਰਬੜ ਤੇ ₹ 10 ਦਾ ਇੱਕ ਪੈੱਨ ਖਰੀਦਿਆ। ਉਸਨੇ ਦੁਕਾਨਦਾਰ ਨੂੰ ₹ 20 ਦਾ ਨੋਟ ਦਿੱਤਾ। ਦੱਸੋ ਉਸਨੂੰ ਕਿੰਨੇ ਰੁਪਏ ਵਾਪਿਸ ਮਿਲਣਗੇ।

(a) ₹ 3 (b) ₹ 17

(c) ₹ 22 (d) ₹ 15



### ਯਾਦ ਰੱਖਣ ਯੋਗ

- ₹ 1 = 100 ਪੈਸੇ
- ₹ 1 ਵਿਚ 50 ਪੈਸੇ ਦੇ 2 ਸਿੱਕੇ
- ₹ 1 ਵਿਚ 25 ਪੈਸੇ ਦੇ 4 ਸਿੱਕੇ
- ₹ 1 ਵਿਚ 20 ਪੈਸੇ ਦੇ 5 ਸਿੱਕੇ
- ₹ 1 ਵਿਚ 10 ਪੈਸੇ ਦੇ 10 ਸਿੱਕੇ

## ਅਸੀਂ ਜੋ ਸਿੱਖਿਆ :

- ਵਿਦਿਆਰਥੀ, ਰੁਪਇਆਂ ਨੂੰ ਪੈਸਿਆਂ ਵਿੱਚ ਬਦਲਣ ਦੇ ਯੋਗ
- ਵਿਦਿਆਰਥੀ ਧਨ ਰਾਸ਼ੀਆਂ ਨੂੰ ਜੋੜਨਾ, ਘਟਾਉਣਾ, ਗੁਣਾ ਤੇ ਭਾਗ ਕਰਨ ਦੇ ਯੋਗ
- ਰੋਜ਼ਾਨਾ ਜੀਵਨ ਵਿੱਚ ਧਨ ਦੀ ਵਰਤੋਂ ਦੀ ਸਮਝ ਵਿਕਸਤ

# ਉੱਤਰ ਮਾਲਾ

### ਅਭਿਆਸ 4.2

**1.** (a) ₹ 170 (b) ₹ 310 (c) ₹ 325 (d) ₹ 230 (e) ₹ 157

**2.** (a) ₹ 270 (b) ₹ 590 (c) ₹ 630 (d) ₹ 450 (e) ₹ 410

**3.** (a) ₹ 50 (b) ₹ 250 (c) ₹ 230 (d) ₹ 45 (e) ₹ 175

### ਅਭਿਆਸ 4.3

**1.** (a) ₹ 191 (b) ₹ 282 (c) ₹ 396 (d) ₹ 401

**2.** (a) ₹ 18 (b) ₹ 84 **3.** ₹ 107

**4.** ₹ 135 **5.** ₹ 463.55 **6.** ₹ 125

### ਅਭਿਆਸ 4.4

**1.** (a) ₹ 150 (b) ₹ 210 (c) ₹ 392 (d) ₹ 1400 (e) ₹ 2000
(f) ₹ 936 (g) ₹ 405 (h) ₹ 3,648 (i) ₹ 5,494

**2.** (a) ₹ 350 **3.** ₹ 4140 **4.** ₹ 525 **5.** ₹ 96

### ਅਭਿਆਸ 4.5

**1.** (a) ₹ 40 (b) ₹ 95 (c) ₹ 47 (d) ₹ 208 (e) ₹ 205

**2.** ₹ 25 **3.** ₹ 72 **4.** ₹ 7 **5.** ₹ 178 **6.** ₹ 480

### ਅਭਿਆਸ 4.6

**1.** (a) ₹ 332 (b) ₹ 618 (c) ₹ 477 (d) ₹ 1080 (e) ₹ 351

**2.** (a) ₹ 1153

### ਬਹੁ-ਵਿਕਲਪਿਕ ਪ੍ਰਸ਼ਨ (MCQ)

**1.** (c) **2.** (d) **3.** (b) **4.** (c) **5.** (a)